08-Dec-Punjab-3-8-2ST-Star.qxd 12/8/2024 10:42 PM Page 3







ਸ਼ੰਭੂ ਬੈਰੀਅਰ 'ਤੇ ਅੱਥਰੂ ਗੈਸ ਦੇ ਗੋਲਿਆਂ ਦੇ ਖੋਲ ਵਿਖਾਉਂਦੇ ਹੋਏ ਕਿਸਾਨ, ਨਾਲ ਮੂੰਹ ਸਿਰ ਢਕ ਕੇ ਜਬਰ ਦਾ ਮੁਕਾਬਲਾ ਕਰਦੇ ਹੋਏ ਕਿਸਾਨ। ਤਸਵੀਰਾਂ : ਰਣਜੀਤ ਸਿੰਘ

# ਸ਼ੰਭੂ ਬੈਰੀਅਰ 'ਤੇ ਕਿਸਾਨਾਂ ਨੇ ਹਰਿਆਣਾ ਪੁਲਿਸ ਦੇ ਜਬਰ ਦਾ ਸਬਰ ਨਾਲ ਕੀਤਾ ਮੁਕਾਬਲਾ

ਰਾਜਪੁਰਾ, 8 ਦਸੰਬਰ (ਰਣਜੀਤ ਸਿੰਘ)-ਅੱਜ ਸ਼ੰਭੂ ਬੈਰੀਅਰ 'ਤੇ ਕਿਸਾਨਾਂ ਨੇ ਹਰਿਆਣਾ ਪੁਲਿਸ ਦੇ ਜਬਰ ਦਾ ਸਬਰ ਨਾਲ ਮੁਕਾਬਲਾ ਕੀਤਾ। ਕਿਸਾਨ ਅੱਥਰੂ ਗੈਸ ਅਤੇ ਪਾਣੀ ਦੀਆਂ ਬੁਛਾੜਾਂ ਤੋ ਬਚਣ



ਸ਼ੰਭੂ ਬੈਰੀਅਰ 'ਤੇ ਝੰਡੇ ਫੜੀ ਖੜ੍ਹੇ ਕਿਸਾਨ। ਤਸਵੀਰ : ਰਣਜੀਤ ਸਿੰਘ

ਲਈ ਮੂੰਹ ਸਿਰ ਲਪੇਟ ਕੇ ਹਰਿਆਣਾ ਪੁਲਿਸ ਵਲੋਂ ਦਾਗੇ ਜਾ ਰਹੇ ਅੱਥਰੂ ਗੈਸ ਦੇ ਗੋਲਿਆਂ ਅਤੇ ਪਾਣੀ ਦੀਆਂ ਬੁਛਾੜਾਂ ਦਾ ਮੁਕਾਬਲਾ ਕਰਦੇ ਵੇਖੇ ਗਏ, ਕਿਸਾਨ ਅੱਥਰੂ ਗੈਸ ਦੇ ਗੋਲਿਆਂ ਦੇ ਖਾਲੀ ਖੋਲ ਚੁੱਕੀ ਫਿਰਦੇ ਰਹੇ। ਦੁਪਹਿਰ ਵਕਤ ਥੋੜੀ ਜਿਹੀ ਕਿਣ ਮਿਣ ਹੋਣ ਕਾਰਨ ਸਤਰੰਗੀ ਪੀਂਘ ਬਣ ਗਈ ਜਿਹੜੀ ਖਿੱਚ ਦਾ ਕੇਂਦਰ ਬਣੀ ਰਹੀ। ਜਾਣਕਾਰੀ ਮੁਤਾਬਿਕ ਅੱਜ ਜਿਉ ਹੀ ਮਰਜੀਵੜੇ ਕਿਸਾਨਾਂ ਦਾ ਜਥਾ ਸ਼ੰਭੂ ਬੈਰੀਅਰ ਰਾਹੀ ਦਿੱਲੀ ਕੂਚ ਲਈ ਅੱਗੇ ਵਧਿਆ ਤਾਂ ਹਰਿਆਣਾ ਪੁਲਿਸ ਨੇ ਕਿਸਾਨਾਂ ਦੇ ਅੱਥਰੂ ਗੈਸ ਦੇ ਗੋਲੇ ਪਾਣੀ ਦੀਆਂ ਬੁਛਾੜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਇਕ ਪਾਸੇ ਜਿੱਥੇ ਹਰਿਆਣਾ ਪੁਲਿਸ ਅਰਧ ਸੈਨਿਕ ਬਲ ਪੂਰੀ ਤਰ੍ਹਾਂ ਨਾਲ ਲੈਸ ਸਨ ਉੱਥੇ ਹੀ ਕਿਸਾਨ ਖਾਲੀ ਹੱਥ ਸਨ। ਉਨ੍ਹਾਂ ਕੋਲ ਜਾਂ ਤਾਂ ਕਿਸਾਨੀ ਝੰਡੇ ਫੜੇ ਹੋਏ ਸਨ ਅਤੇ ਜਾਂ ਉਨ੍ਹਾਂ ਕੋਲ ਪੁਲਿਸ ਦੇ ਜਬਰ ਦੇ ਮੁਕਾਬਲੇ ਸਿਰਫ਼ ਸਬਰ ਸੀ ਜਦਕਿ ਹਰਿਆਣਾ ਪੁਲਿਸ ਕੋਲ ਵੱਡੀ ਗਿਣਤੀ ਵਿਚ ਨਫਰੀ ਸੀ ਗੋਲੀ ਸਿੱਕਾ ਪਾਣੀ ਦੀਆਂ ਬੁਛਾੜਾਂ ਅਤੇ ਹੋਰ ਕਾਫੀ ਜਿਆਦਾ ਸਾਧਨ ਸਨ। ਕਿਸਾਨ ਸਿਰਫ਼ ਮੂੰਹ ਸਿਰ ਢੱਕ ਕੇ ਦਿੱਲੀ ਕੂਚ ਕਰਨ ਲਈ ਹਰਿਆਣਾ ਬੈਰੀਅਰ ਵੱਲ ਵੱਧ ਰਹੇ ਸਨ ਅਤੇ ਜਿਹੜਾ ਕੋਈ ਜਖਮੀ ਹੋ ਜਾਂਦਾ ਸੀ ਤਾਂ ਉਹ ਡਿੱਗ ਜਾਂਦਾ ਸੀ ਅਤੇ ਰੈਸਕਿਉ ਟੀਮ ਵਲੋਂ ਉਸ ਦੀ ਸਾਂਭ ਸੰਭਾਲ ਕੀਤੀ ਜਾਂਦੀ ਸੀ। ਕਿਸਾਨ ਆਗੂ ਹੱਥਾਂ ਵਿਚ ਹਰਿਆਣਾ ਪੁਲਿਸ ਵਲੋਂ ਚਲਾਏ ਗਏ ਅੱਥਰੂ ਗੈਸ ਦੇ ਗੋਲਿਆਂ ਦੇ ਖੋਲ ਚੁੱਕੀ ਮੀਡੀਆਂ ਨੂੰ ਵਿਖਾਉਂਦੇ ਰਹੇ। ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਕੋਲ ਤਾਂ ਸਿਰਫ਼ ਤੇ ਸਿਰਫ਼ ਪਰਨਾ ਹੀ ਹੈ ਜਿਸ ਨਾਲ ਉਹ ਮੂੰਹ ਹੀ ਢੱਕ ਸਕਦੇ ਹਨ। ਦੁਪਹਿਰ ਵਕਤ ਥੋੜੀ ਜਿਹੀ ਕਿਣ ਮਿਣ ਸ਼ੁਰੂ ਹੋ ਗਈ ਸੀ ਅਤੇ ਮੌਸਮ ਬਦਲ ਜਿਹਾ ਗਿਆ ਸੀ ਤਾਂ ਆਸਮਾਨ ਵਿਚ ਸਤਰੰਗੀ ਪੀਂਘ ਬਣ ਗਈ ਸੀ ਜਿਹੜੀ ਕਿ ਖਿੱਚ ਦਾ ਕੇਂਦਰ ਬਣੀ ਰਹੀ।





ਸਿਵਲ ਹਸਪਤਾਲ ਰਾਜਪੁਰਾ ਵਿਖੇ ਜੇਰੇ ਇਲਾਜ ਜ਼ਖ਼ਮੀ ਕਿਸਾਨ। ਤਸਵੀਰਾਂ : ਰਣਜੀਤ ਸਿੰਘ

## ਸ਼ੰਭੂ ਬੈਰੀਅਰ 'ਤੇ ਜ਼ਖਮੀ ਹੋਏ ਕਿਸਾਨ ਹਸਪਤਾਲ ਕੀਤੇ ਦਾਖਲ

ਰਾਜਪੁਰਾ, 8 ਦਸੰਬਰ (ਰਣਜੀਤ ਸਿੰਘ)-ਸ਼ੰਭੂ ਬੈਰੀਅਰ 'ਤੇ ਦਿੱਲੀ ਕੂਚ ਕਰਨ ਜਾਣ ਸਮੇਂ ਅੱਧੀ ਦਰਜਨ ਦੇ ਕਰੀਬ ਕਿਸਾਨ ਜ਼ਖਮੀ ਹੋਏ ਹਨ ਜਿਨ੍ਹਾਂ ਨੂੰ ਸਿਵਲ ਹਸਪਤਾਲ ਦਾਖਲ ਕੀਤਾ ਗਿਆ ਹੈ। ਇਕ ਕਿਸਾਨ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਪੀ.ਜੀ.ਆਈ. ਭੇਜਿਆ ਗਿਆ ਹੈ। ਜਾਣਕਾਰੀ ਮੁਤਾਬਿਕ ਅੱਜ ਸ਼ੰਭੂ ਬੈਰੀਅਰ 'ਤੇ ਮਰਜੀਵੜੇ ਕਿਸਾਨਾਂ ਦਾ ਦੂਜਾ ਜਥਾ ਦਿੱਲੀ ਕੂਚ ਕਰਨ ਲਈ ਜਾਣਾ ਸੀ ਪਰ ਉਨ੍ਹਾਂ ਨੂੰ ਹਰਿਆਣਾ ਪੁਲਿਸ ਨੇ ਦਿੱਲੀ ਜਾਣ ਦੀ ਇਜਾਜ਼ਤ ਨਹੀਂ ਦਿੱਤੀ। ਜਿਸ ਕਾਰਨ ਸ਼ੰਭੂ ਬੈਰੀਅਰ 'ਤੇ ਕਿਸਾਨ ਹਰਿਆਣਾ ਪੁਲਿਸ ਵਲੋਂ ਛੱਡੀ ਗਈ ਅੱਥਰੂ ਗੈਸ ਦੇ ਗੋਲੇ ਲੱਗਣ ਕਾਰਨ ਜ਼ਖਮੀ ਹੋ ਗਏ ਹਨ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨ ਆਗੂ ਸਤਵੰਤ ਸਿੰਘ ਨੇ ਦੱਸਿਆ ਕਿ ਸ਼ੰਭੂ ਬੈਰੀਅਰ 'ਤੇ ਅੱਧੀ ਦਰਜਨ ਦੇ ਕਰੀਬ ਵੱਖ-ਵੱਖ ਜਥੇਬੰਦੀਆਂ ਦੇ ਆਗੂ ਜ਼ਖਮੀ ਹੋ ਗਏ ਹਨ। ਇਨ੍ਹਾਂ ਨੂੰ ਸਿਵਲ ਹਸਪਤਾਲ ਭਰਤੀ ਕੀਤਾ ਗਿਆ ਹੈ। ਉਨ੍ਹਾਂ ਨੇ ਹਰਿਆਣਾ ਪੁਲਿਸ ਦੀ ਤਿੱਖੇ ਸ਼ਬਦਾਂ ਵਿਚ ਅਲੋਚਨਾ ਕੀਤੀ ਅਤੇ ਕਿਹਾ ਕਿ ਦੇਸ਼ ਦੇ ਵਿਚ ਦੋ ਤਰ੍ਹਾਂ ਦੇ ਕਾਨੂੰਨ ਹਨ। ਨਿਹੱਥੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣਾ ਬਿਲਕੁਲ ਗਲਤ ਹੈ। ਉਨ੍ਹਾਂ ਕਿਹਾ ਕਿ ਇਹ ਹਰਿਆਣਾ ਸਰਕਾਰ ਦਾ ਸ਼ਰੇਆਮ ਧੱਕਾ ਹੈ। ਉਨ੍ਹਾਂ ਕਿਹਾ ਕਿ ਜ਼ਖਮੀ ਕਿਸਾਨਾਂ ਦਾ ਹਸਪਤਾਲ ਵਿਚ ਇਲਾਜ ਚਲ ਰਿਹਾ ਹੈ। ਇਸ ਸੰਬੰਧੀ ਡਾ. ਪ੍ਰਕਾਸ਼ ਸਿੰਘ ਨੇ ਦੱਸਿਆ ਕਿ ਹਸਪਤਾਲ ਵਿਚ ਪੰਜ ਕਿਸਾਨ ਜ਼ਖਮੀ ਹਾਲਤ ਵਿਚ ਆਏ ਹਨ। ਇਕ ਕਿਸਾਨ ਦੇ ਸਿਰ ਵਿਚ ਸੱਟ ਲੱਗੀ ਹੈ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ।

## ਨਿਗਮ ਚੋਣਾਂ ਦੇ ਐਲਾਨ ਤੋਂ ਬਾਅਦ ਪਾਰਟੀਆਂ ਦੇ ਆਗੂ ਤੇ ਟਿਕਟਾਂ ਦੇ ਚਾਹਵਾਨ ਰਹੇ ਸਰਗਰਮ

ਪਟਿਆਲਾ, 8 ਦਸੰਬਰ (ਅਮਰਬੀਰ ਸਿੰਘ ਆਹਲੂਵਾਲੀਆ)-ਪੰਜਾਬ ਚੋਣ ਕਮਿਸ਼ਨ ਵਲੋਂ ਨਗਰ ਨਿਗਮਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦੇ ਤਾਰੀਖ਼ਾਂ ਦਾ ਐਲਾਨ ਕਰ ਦਿੱਤਾ ਹੈ। ਜਿਸ ਨੂੰ ਦੇਖਦਿਆਂ ਅੱਜ ਸਾਰਾ ਦਿਨ ਪਟਿਆਲਾ ਵਿਚ ਹੁਕਮਰਾਨ ਧਿਰ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਕਾਂਗਰਸੀ ਆਗੂਆਂ ਦੀਆਂ ਬੈਠਕਾਂ ਚੱਲਦੀਆਂ ਰਹੀਆਂ। ਇਸ ਵਿਚ ਜਿੱਥੇ ਹੁਕਮਰਾਨ ਧਿਰ ਦੀ ਟਿਕਟ 'ਤੇ ਚੋਣ ਲੜਨ ਵਾਲੇ ਉਮੀਦਵਾਰਾਂ ਦੀ ਗਿਣਤੀ ਕਾਫ਼ੀ ਦਿਖੀ ਉਥੇ ਕੁਝ ਇਕ ਨੂੰ ਨਗਰ ਨਿਗਮ ਵਿਚ ਪੈਂਦੇ 60 ਵਾਰਡਾਂ ਅੰਦਰ ਉਮੀਦਵਾਰਾਂ ਦਾ ਐਲਾਨ ਕਰਨ ਲਈ ਭਾਲ ਵੀ ਕਰਨੀ ਪਈ। ਸਵੇਰ ਤੋਂ ਲਗ ਰਹੀਆਂ ਅਟਕਲਾਂ ਦੇ ਬਾਵਜੂਦ ਅੱਜ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਲਿਸਟ ਜਾਰੀ ਨਹੀਂ ਹੋਈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਪਟਿਆਲਾ ਸ਼ਹਿਰੀ, ਪਟਿਆਲਾ ਦਿਹਾਤੀ ਅਤੇ 2 ਵਾਰਡ ਸਨੌਰ ਹਲਕੇ ਨਾਲ ਵੀ ਸੰਬੰਧਿਤ ਹਨ। ਕਿਹੜੇ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਜਾਵੇ ਲਈ ਚੋਣ ਕਮੇਟੀਆਂ ਨੂੰ ਕਾਫ਼ੀ ਜੱਦੋ-ਜਹਿਦ ਕਰਨੀ ਪੈ ਰਹੀ ਹੈ ਜਿਸ ਤੋਂ ਬਾਅਦ ਦਸਿਆ ਗਿਆ ਕਿ ਆਪ ਉਮੀਦਵਾਰਾਂ ਦਾ ਐਲਾਨ ਪਰਸੋਂ ਤੱਕ ਕਰ ਦਿੱਤਾ ਜਾਵੇਗਾ। ਪਟਿਆਲਾ ਤੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨਾਲ ਇਸ ਸੰਬੰਧੀ ਗਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ 30 ਵਾਰਡਾਂ ਵਿਚ ਲੰਘੇ 3 ਸਾਲਾ ਦੌਰਾਨ ਵਿਉਂਤਬੰਦ ਤਰੀਕੇ ਨਾਲ ਵਿਕਾਸ ਕਾਰਜ ਕੀਤੇ ਗਏ ਜੋ ਹੁਣ ਵੀ ਜਾਰੀ ਹਨ। ਕੋਹਲੀ ਮੁਤਾਬਿਕ ਸੜਕਾਂ ਆਦਿ ਬਣਾਉਣ ਵਿਚ ਜੇ ਕੁਝ ਦੇਰ ਹੋਈ ਹੈ ਤਾਂ ਲੋਕਾਂ ਵਲੋਂ ਵੱਖ-ਵੱਖ ਤਰੀਕੇ ਨਾਲ ਅਦਾ ਕੀਤੇ ਟੈਕਸ ਦੇ ਪੈਸੇ ਨਾਲ ਬਣਨ ਵਾਲੀਆਂ ਸੜਕਾਂ ਜਲਦੀ ਤੋੜੀਆਂ ਨਹੀਂ ਜਾਣਗੀਆਂ। ਉਨ੍ਹਾਂ ਕਿਹਾ ਕਿ ਅੱਜ ਵੋਟਰ ਵੀ ਇਸ ਗੱਲ ਨੂੰ ਸਮਝਦਾ ਹੈ ਕਿ ਸਰਕਾਰ ਦਾ ਨੁਮਾਇੰਦਾ ਹੀ ਇਲਾਕੇ ਦਾ ਵਿਕਾਸ ਸੁਚੱਜੇ ਅਤੇ ਅਸਰਦਾਰ ਤਰੀਕੇ ਨਾਲ ਕਰ ਸਕਦਾ ਹੈ ਜਿਸ ਨਾਲ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਜਿੱਤ ਯਕੀਨੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸ਼ਹਿਰੀ ਦੇ ਇੰਚਾਰਜ ਅਮਰਿੰਦਰ ਸਿੰਘ ਬਜਾਜ ਤੇ ਪਟਿਆਲਾ ਦਿਹਾਤੀ ਦੇ ਇੰਚਾਰਜ ਜਸਪਾਲ ਸਿੰਘ ਬਿੱਟੂ ਚੱਠਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਜਿਹੜੇ ਉਮੀਦਵਾਰ ਚੋਣ ਮੈਦਾਨ ਵਿਚ ਉਤਾਰੇ ਜਾਣੇ ਹਨ ਉਨ੍ਹਾਂ ਦੇ ਨਾਵਾਂ ਦੀ ਇਕ ਸੂਚੀ ਪਾਰਟੀ ਹਾਈਕਮਾਂਡ ਨੂੰ ਭੇਜ ਦਿੱਤੀ ਹੈ। ਆਗੂਆਂ ਮੁਤਾਬਿਕ ਹਰ ਵਾਰਡ ਵਿਚੋਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜਨ ਦੇ 3 ਤੋਂ 4 ਚਾਹਵਾਨਾਂ ਦੇ ਨਾਮ ਪਾਰਟੀ ਹਾਈਕਮਾਂਡ ਨੂੰ ਭੇਜੇ ਗਏ ਹਨ। ਅਗਲੇ ਦੋ ਦਿਨਾਂ ਵਿਚ 60 ਵਾਰਡਾਂ ਵਿਚਲੇ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ ਜਾਵੇਗੀ।

## ਰਿਸ਼ਵਤ ਦੇ ਮਾਮਲੇ ਦਾ ਸਾਹਮਣਾ ਕਰ ਰਿਹਾ ਜੇ. ਈ. ਭਗੌੜਾ ਕਰਾਰ

ਲੁਧਿਆਣਾ, 8 ਦਸੰਬਰ (ਪਰਮਿੰਦਰ ਸਿੰਘ ਆਹੂਜਾ)-ਸਥਾਨਕ ਅਦਾਲਤ ਨੇ ਰਿਸ਼ਵਤ ਦੇ ਇਕ ਮਾਮਲੇ ਦਾ ਸਾਹਮਣਾ ਕਰ ਰਹੇ ਪਾਵਰਕਾਮ ਦੇ ਇਕ ਜੇ. ਈ. ਨੂੰ ਭਗੌੜਾ ਕਰਾਰ ਦਿੱਤਾ ਹੈ। ਜਾਣਕਾਰੀ ਅਨੁਸਾਰ ਜੇ. ਈ. ਰਿੱਕੀ ਗਰਗ ਪੁੱਤਰ ਈਸ਼ਵਰ ਦਾਸ ਗਰਗ ਵਾਸੀ ਰਾਜਗੁਰੂ ਨਗਰ ਖ਼ਿਲਾਫ਼ ਤਿੰਨ ਸਾਲ ਪਹਿਲਾਂ ਰਿਸ਼ਵਤ ਦਾ ਮਾਮਲਾ ਦਰਜ ਕੀਤਾ ਸੀ, ਪਰ ਉਹ ਅਦਾਲਤ 'ਚੋਂ ਗੈਰ ਹਾਜ਼ਰ ਹੋ ਗਿਆ। ਜਿਸ 'ਤੇ ਜੱਜ ਅਮਰਿੰਦਰ ਸਿੰਘ ਦੀ ਅਦਾਲਤ ਨੇ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ। ਹਾਲ ਦੀ ਘੜੀ ਪੁਲਿਸ ਵਲੋਂ ਅਪਰਾਧਿਕ ਮਾਮਲਾ ਦਰਜ ਕੀਤਾ ਗਿਆ ਹੈ ਪਰ ਉਸ ਦੀ ਗ੍ਰਿਫ਼ਤਾਰੀ ਸੰਭਵ ਨਹੀਂ ਹੋ ਸਕੀ ਹੈ। ਪੁਲਿਸ ਛਾਪੇਮਾਰੀ ਕਰ ਰਹੀ ਹੈ।

## ਕੇਂਦਰੀ ਜੇਲ੍ਹ 'ਚੋਂ ਪੰਜ ਮੋਬਾਈਲ ਬਰਾਮਦ

ਲੁਧਿਆਣਾ, 8 ਦਸੰਬਰ (ਪਰਮਿੰਦਰ ਸਿੰਘ ਆਹੂਜਾ)-ਕੇਂਦਰੀ ਜੇਲ੍ਹ ਦੇ ਅਧਿਕਾਰੀਆਂ ਵਲੋਂ ਜੇਲ੍ਹ ਦੀਆਂ ਬੈਰਕਾਂ ਦੀ ਚੈਕਿੰਗ ਦੌਰਾਨ ਪੰਜ ਮੋਬਾਈਲ ਬਰਾਮਦ ਕੀਤੇ ਹਨ। ਅਧਿਕਾਰੀਆਂ ਵਲੋਂ ਇਹ ਮਾਮਲਾ ਪੁਲਿਸ ਹਵਾਲੇ ਕਰ ਦਿੱਤਾ ਗਿਆ ਹੈ ਤੇ ਪੁਲਿਸ ਵਲੋਂ ਇਸ ਮਾਮਲੇ 'ਚ ਗੁਰਪ੍ਰੀਤ ਸਿੰਘ, ਹਰਦੀਪ ਸਿੰਘ, ਮਨਪ੍ਰੀਤ ਸਿੰਘ, ਗੁਰਦੀਪ ਸਿੰਘ ਤੇ ਗੁਰਜੰਟ ਸਿੰਘ ਨਾਮੀ ਹਵਾਲਾਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁਲਿਸ ਤੇ ਜੇਲ੍ਹ ਅਧਿਕਾਰੀ ਇਸ ਗੱਲ ਦੀ ਜਾਂਚ ਕਰ ਰਹੇ ਹਨ ਕਿ ਜੇਲ੍ਹ ਅੰਦਰ ਇਹ ਮੋਬਾਈਲ ਕਿਸ ਤਰੀਕੇ ਨਾਲ ਲਿਜਾਏ ਗਏ ਸਨ। ਪੁਲਿਸ ਅਧਿਕਾਰੀਆਂ ਦਾ ਕਹਿਣਾ ਕਿ ਇਸ ਮਾਮਲੇ 'ਚ ਕੋਈ ਹੋਰ ਵੀ ਦੋਸ਼ੀ ਪਾਇਆ ਗਿਆ, ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਸੜਕ ਹਾਦਸੇ 'ਚ ਸਕੂਟਰੀ ਸਵਾਰ ਦੀ ਮੌਤ

ਪਟਿਆਲਾ, 8 ਦਸੰਬਰ (ਮਨਦੀਪ ਸਿੰਘ ਖਰੌੜ)-ਸਥਾਨਕ ਪੀਸੀਪੀਸੀਐਲ ਦੇ ਦਫ਼ਤਰ ਲਾਗੇ ਸਕੂਟਰੀ 'ਤੇ ਜਾ ਰਹੇ ਨੌਜਵਾਨ ਨੂੰ ਅਣਪਛਾਤੀ ਗੱਡੀ ਨੇ ਫੇਟ ਮਾਰ ਦਿੱਤੀ ਇਸ ਹਾਦਸੇ 'ਚ ਸਕੂਟਰੀ ਸਵਾਰੀ ਦੀ ਮੌਤ ਹੋਣ ਦੀ ਦੁਖਦਾਈ ਘਟਨਾ ਵਾਪਰੀ ਹੈ। ਉਕਤ ਸ਼ਿਕਾਇਤ ਮੁਹੰਮਦ ਕਵੀਲ ਵਾਸੀ ਪਟਿਆਲਾ ਨੇ ਥਾਣਾ ਲਹੌਰੀ ਗੇਟ 'ਚ ਦਰਜ ਕਰਵਾਈ ਕਿ ਉਸ ਦੇ ਲੜਕੇ ਮੁਹੰਮਦ ਅਨਸ ਦੀ ਇਸ ਹਾਦਸੇ ਮੌਤ ਹੋ ਗਈ ਹੈ। ਜਿਸ ਅਧਾਰ 'ਤੇ ਪੁਲਿਸ ਨੇ ਅਣਪਛਾਤੇ ਗੱਡੀ ਚਾਲਕ ਖ਼ਿਲਾਫ਼ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



ਇਸਫਿਨਾਰ ਭੰਡਾਰਾ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਦੌਰਾਨ ਪਰਿਕਰਮਾ 'ਚ ਹੱਥ ਜੋੜ ਕੇ ਖੜ੍ਹੇ। ਤਸਵੀਰ : ਹਰਜੀਤ ਸਿੰਘ

## ਇਸਫਿਨਾਰ ਭੰਡਾਰਾ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ

**ਕਿਹਾ, ਭਾਰਤ-ਪਾਕਿ ਦਰਮਿਆਨ ਵਪਾਰ ਸ਼ੁਰੂ ਹੋਣਾ ਚਾਹੀਦਾ-ਭੰਡਾਰਾ**

ਅੰਮ੍ਰਿਤਸਰ, 8 ਦਸੰਬਰ (ਹਰਮਿੰਦਰ ਸਿੰਘ)-ਪਾਕਿਸਤਾਨ ਦੀ ਕੌਮੀ ਅਸੈਂਬਲੀ ਦੇ ਸੰਸਦ ਮੈਂਬਰ ਇਸਫਿਨਾਰ ਭੰਡਾਰਾ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਕੀਰਤਨ ਸਰਵਨ ਕੀਤਾ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭੰਡਾਰਾ ਨੇ ਦੱਸਿਆ ਕਿ ਉਹ ਇਸ ਤੋਂ ਪਹਿਲਾਂ ਵੀ ਇਸ ਮੁਕੱਦਸ ਸਥਾਨ ਦੇ ਦਰਸ਼ਨ ਕਰ ਚੁੱਕੇ ਹਨ ਅਤੇ ਇਸ ਲਈ ਖੁਦ ਨੂੰ ਖੁਸ਼ਨਸੀਬ ਸਮਝਦੇ ਹਨ। ਇਥੇ ਆ ਕੇ ਉਨ੍ਹਾਂ ਨੂੰ ਸਕੂਨ ਅਤੇ ਸਿੱਖ ਭਰਾਵਾਂ ਦਾ ਸਵਾਗਤ ਮਿਲਦਾ ਹੈ। ਉਨ੍ਹਾਂ ਕਿਹਾ ਭਾਰਤ ਅਤੇ ਪਾਕਿਸਤਾਨ ਦਰਮਿਆਨ ਕਈ ਮਸਲੇ ਹਨ ਪਰ ਸਿੱਖ ਭਾਈਚਾਰਾ ਅਜਿਹਾ ਹੈ ਜਿਸ ਨੇ ਭਾਰਤ ਅਤੇ ਪਾਕਿਸਤਾਨ ਨੂੰ ਜੋੜ ਕੇ ਰੱਖਿਆ ਹੋਇਆ ਹੈ। ਉਨ੍ਹਾਂ ਕਿਹਾ ਦੋਵੇਂ ਮੁਲਕਾਂ ਦੇ ਇਧਰ ਤੋਂ ਉਧਰ ਅਤੇ ਉਧਰ ਤੋਂ ਇਧਰ ਆਉਣ ਲਈ ਦਿੱਤੇ ਜਾਣ ਵਾਲੇ ਵੀਜ਼ਿਆਂ 'ਚ ਹੋਣ ਵਾਲੀ ਵੱਡੀ ਕਟੌਤੀ ਦੇ ਮਾਮਲੇ 'ਚ ਸੰਸਦ ਮੈਂਬਰ ਹੋਣ ਨਾਤੇ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਦੇ ਹਾਈ ਕਮਿਸ਼ਨਾਂ ਨਾਲ ਕਈ ਵਾਰ ਗੱਲਬਾਤ ਕੀਤੀ ਹੈ। ਉਨ੍ਹਾਂ ਦੋਵੇਂ ਸਰਕਾਰਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਦੋਵੇਂ ਮੁਲਕਾਂ ਦੇ ਲੋਕਾਂ ਨੂੰ ਆਪਣੇ ਮੁਕੱਦਸ ਸਥਾਨਾਂ ਦੇ ਦਰਸ਼ਨਾਂ ਲਈ ਜਾਣ ਵਾਸਤੇ ਵੀਜ਼ਿਆਂ 'ਚ ਕੋਈ ਰੁਕਵਾਟ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਵਪਾਰ ਨੂੰ ਪ੍ਰਫੁੱਲਤ ਕਰਨ ਲਈ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸਹਿਬਾਜ਼ ਸ਼ਰੀਫ਼ ਨਾਲ ਭਾਰਤ-ਪਾਕਿਸਤਾਨ ਦਰਮਿਆਨ ਵਪਾਰ ਸ਼ੁਰੂ ਕਰਨ ਲਈ ਗੱਲ ਹੋਈ ਹੈ। ਇਸ ਵਿਚ ਪਾਕਿਸਤਾਨ ਨੂੰ ਵਧੇਰੇ ਲਾਭ ਮਿਲੇਗਾ। ਉਨ੍ਹਾਂ ਕਿਹਾ ਇਮਰਾਨ ਖਾਨ ਦੀ ਸਰਕਾਰ ਵਲੋਂ 2021 ਵਿਚ ਸਰਹੱਦ ਨੂੰ ਬੰਦ ਕਰਨ ਦਾ ਜੋ ਕਦਮ ਚੁੱਕਿਆ ਗਿਆ, ਉਹ ਸਭ ਤੋਂ ਮਾੜਾ ਕਦਮ ਸੀ।

## 'ਆਪ' ਵਲੋਂ ਕਾਰਪੋਰੇਸ਼ਨ ਚੋਣਾਂ ਲਈ ਸਕ੍ਰੀਨਿੰਗ ਕਮੇਟੀ ਦੇ ਮੈਂਬਰਾਂ ਦਾ ਐਲਾਨ

ਚੰਡੀਗੜ੍ਹ, 8 ਦਸੰਬਰ (ਅਜਾਇਬ ਸਿੰਘ ਔਜਲਾ)- ਆਮ ਆਦਮੀ ਪਾਰਟੀ ਵਲੋਂ ਹੋਣ ਜਾ ਰਹੀਆਂ ਕਾਰਪੋਰੇਸ਼ਨ ਚੋਣਾਂ ਲਈ ਸਕ੍ਰੀਨਿੰਗ ਕਮੇਟੀ ਦੇ ਮੈਂਬਰਾਂ ਦਾ ਐਲਾਨ ਕੀਤਾ ਗਿਆ ਹੈ। 'ਆਪ' ਦੇ ਕੌਮੀ ਜਨਰਲ ਸਕੱਤਰ ਡਾ. ਸੰਦੀਪ ਪਾਠਕ, 'ਆਪ' ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਅਤੇ ਸਟੇਟ ਵਰਕਿੰਗ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੇ ਹਸਤਾਖ਼ਰਾਂ ਹੇਠ ਜਾਰੀ ਕੀਤੇ ਗਏ ਪੱਤਰਾਂ ਵਿਚ ਅੰਮ੍ਰਿਤਸਰ ਮਿਉਂਸਪਲ ਕਾਰਪੋਰੇਸ਼ਨ ਲਈ ਕੈਬਨਿਟ ਮੰਤਰੀ ਕੁਲਦੀਪ ਸਿੰਘ ਇੰਚਾਰਜ ਥਾਪੇ ਗਏ ਹਨ, ਜਦਕਿ ਉਨ੍ਹਾਂ ਨਾਲ ਹੋਰ ਮੈਂਬਰਾਂ ਵਿਚ ਵਿਧਾਇਕ ਡਾ. ਜਸਬੀਰ ਸਿੰਘ, ਅਜੇ ਗੁਪਤਾ, ਜੀਵਨਜੋਤ ਕੌਰ, ਡਾ. ਇੰਦਰਬੀਰ ਸਿੰਘ ਨਿੱਝਰ ਅਤੇ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਸੇ ਤਰ੍ਹਾਂ ਮਿਉਂਸਪਲ ਕਾਰਪੋਰੇਸ਼ਨ ਜਲੰਧਰ ਸਕ੍ਰੀਨਿੰਗ ਕਮੇਟੀ ਵਿਚ ਹਰਭਜਨ ਸਿੰਘ ਈ.ਟੀ.ਓ. ਕੈਬਨਿਟ ਮੰਤਰੀ ਨੂੰ ਇੰਚਾਰਜ ਲਗਾਇਆ ਗਿਆ ਹੈ ਤੇ ਉਨ੍ਹਾਂ ਨਾਲ ਮਹਿੰਦਰਪਾਲ ਭਗਤ, ਰਮਨ ਅਰੋੜਾ, ਪਵਨ ਕੁਮਾਰ ਟੀਨੂੰ, ਜਸਵੀਰ ਸਿੰਘ ਰਾਜਾ ਗਿੱਲ, ਦਿਨੇਸ਼ ਧੁੱਲ, ਰਾਜਵਿੰਦਰ ਕੌਰ ਥਿਆਰਾ, ਅਸ਼ਵਨੀ ਅਗਰਵਾਲ, ਅੰਮ੍ਰਿਤਪਾਲ ਸਿੰਘ, ਦੀਪਕ ਬਾਲੀ ਅਤੇ ਚੰਦਨ ਗਰੇਵਾਲ ਨੂੰ ਵੀ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸੇ ਲੜੀ ਵਿਚ ਫ਼ਗਵਾੜਾ ਮਿਉਂਸਪਲ ਕਾਰਪੋਰੇਸ਼ਨ ਦੀ ਸਕ੍ਰੀਨਿੰਗ ਕਮੇਟੀ ਦੇ ਇੰਚਾਰਜ ਵਜੋਂ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਦੇ ਨਾਲ ਮੈਂਬਰ ਜਸਵੀਰ ਸਿੰਘ ਰਾਜਾ ਗਿੱਲ, ਜੋਗਿੰਦਰ ਸਿੰਘ ਮਾਨ, ਰਾਜਵਿੰਦਰ ਕੌਰ ਥਿਆੜਾ, ਹਰਮਿੰਦਰ ਸਿੰਘ ਬਖਸ਼ੀ, ਲਲਿਤ ਸਕਲਾਨੀ, ਸੰਤੋਖ ਕੁਮਾਰ ਗੋਗੀ ਵੀ ਸ਼ਾਮਿਲ ਹਨ। ਇਸੇ ਲੜੀ ਵਿਚ ਮਿਉਂਸਪਲ ਕਾਰਪੋਰੇਸ਼ਨ ਪਟਿਆਲਾ ਦੀ ਸਕ੍ਰੀਨਿੰਗ ਕਮੇਟੀ ਲਈ ਇੰਚਾਰਜ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੂੰ ਲਗਾਇਆ ਗਿਆ ਹੈ, ਜਦੋਂ ਕਿ ਉਨ੍ਹਾਂ ਦੇ ਨਾਲ 'ਆਪ' ਦੇ ਸਟੇਟ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ, ਡਾ. ਬਲਬੀਰ ਸਿੰਘ, ਵਿਧਾਇਕ ਅਜੀਤ ਪਾਲ ਸਿੰਘ ਕੋਹਲੀ, ਹਰਮੀਤ ਸਿੰਘ ਪਠਾਨਮਾਜਰਾ ਦੇ ਨਾਲ ਨਾਲ ਰਣਜੋਧ ਸਿੰਘ ਹਡਾਨਾ, ਇੰਦਰਜੀਤ ਸਿੰਘ ਸੰਧੂ, ਮੇਘ ਚੰਦ ਸ਼ੇਰ ਮਾਜਰਾ, ਤਜਿੰਦਰ ਮਹਿਤਾ, ਪ੍ਰੀਤੀ ਮਲਹੋਤਰਾ ਅਤੇ ਕੁੰਦਨ ਗੋਗੀਆ ਦੇ ਨਾਂਅ ਸ਼ਾਮਿਲ ਹਨ।



ਲਾਡੋਵਾਲ ਨਜ਼ਦੀਕ ਪਲਟੀ ਫੂਸ ਨਾਲ ਭਰੀ ਟਰਾਲੀ ਤੇ ਟਰੈਕਟਰ ਦੇ ਟੁੱਟੇ ਅਗਲੇ ਟਾਇਰ ਦਾ ਦ੍ਰਿਸ਼। ਤਸਵੀਰ : ਬਲਬੀਰ ਸਿੰਘ ਰਾਣਾ

## ਫੂਸ ਨਾਲ ਭਰੀ ਟਰਾਲੀ-ਟਰੈਕਟਰ ਦੀ ਹੱਬ ਟੁੱਟਣ ਨਾਲ 2 ਦੀ ਮੌਤ, 2 ਜ਼ਖਮੀ

ਲਾਡੋਵਾਲ, 8 ਦਸੰਬਰ (ਬਲਬੀਰ ਸਿੰਘ ਰਾਣਾ)-ਬੀਤੀ ਰਾਤ ਫੂਸ ਨਾਲ ਭਰੇ ਇਕ ਟਰੈਕਟਰ ਟਰਾਲੀ ਦੀ ਅਚਾਨਕ ਹੱਬ ਟੁੱਟਣ ਕਾਰਨ ਵਾਪਰੇ ਹਾਦਸੇ ਦੌਰਾਨ 2 ਨੌਜਵਾਨਾਂ ਦੀ ਮੌਤ ਤੇ 2 ਦੇ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸੰਬੰਧੀ ਥਾਣਾ ਲਾਡੋਵਾਲ ਦੇ ਥਾਣੇਦਾਰ ਬਿਕਰਮਜੀਤ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਬੀਤੀ ਰਾਤ ਜਲੰਧਰ ਸਾਈਡ ਤੋਂ ਇਕ ਫੂਸ ਨਾਲ ਭਰੀ ਟਰੈਕਟਰ ਟਰਾਲੀ, ਜੋ ਕਿ ਲੁਧਿਆਣਾ ਰਾਹੋਂ ਰੋਡ 'ਤੇ ਜਾਣੀ ਸੀ, ਰਸਤੇ 'ਚ ਹੀ ਟਰੈਕਟਰ ਦੇ ਅਗਲੇ ਸੱਜੇ ਟਾਇਰ ਦੀ ਲਾਡੋਵਾਲ ਨਵਾਂ ਬਾਈਪਾਸ ਪੁਲ ਲੰਘਣ ਉਪਰੰਤ ਅਚਾਨਕ ਹੱਬ ਟੁੱਟ ਗਈ, ਜਿਸ ਨਾਲ ਟਰੈਕਟਰ ਟਰਾਲੀ ਦਾ ਸੰਤੁਲਨ ਵਿਗੜਨ ਕਾਰਨ ਟਰਾਲੀ ਫੁੱਟ ਪਾਥ 'ਤੇ ਲਗਾਈਆਂ ਟਾਈਲਾਂ ਉਪਰ ਜਾ ਡਿੱਗੀ, ਰਾਤ ਦਾ ਸਮਾਂ ਹੋਣ ਕਾਰਨ ਫੂਸ ਨਾਲ ਭਰੀ ਟਰਾਲੀ ਦੇ ਉਪਰ ਚਾਰ ਵਿਅਕਤੀ ਸੌਂ ਰਹੇ ਸੀ, ਬੁੜ੍ਹਕ ਕੇ ਫਰਸ਼ 'ਤੇ ਡਿਗ ਗਏ ਅਤੇ ਫੂਸ ਵਾਲਾ ਪੱਲੜ ਫੱਟਣ ਕਾਰਨ 2 ਨੌਜਵਾਨ ਫੂਸ ਦੇ ਹੇਠਾਂ ਦੱਬੇ ਗਏ, ਉਨ੍ਹਾਂ ਦੀ ਮੌਕੇ 'ਤੇ ਮੌਤ ਹੋ ਗਈ ਅਤੇ 2 ਨੌਜਵਾਨਾਂ ਨੂੰ ਸੱਟਾਂ ਵੱਜੀਆਂ, ਜੋ ਖਤਰੇ ਤੋਂ ਬਾਹਰ ਹਨ। ਥਾਣੇਦਾਰ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਸੁਖਵਿੰਦਰ ਸਿੰਘ ਉਚਾ ਪਿੰਡ ਜ਼ਿਲ੍ਹਾ ਜਲੰਧਰ ਤੇ ਦੂਜਾ ਹਿੰਮਤ ਸਿੰਘ ਪਿੰਡ ਟਾਂਡੀ ਔਲਖ ਦੇ ਰਹਿਣ ਵਾਲੇ ਸਨ। ਦੋਹਾਂ 'ਚੋਂ ਇਕ ਦੀ ਉਮਰ 29 ਸਾਲ ਤੇ ਦੂਜੇ ਦੀ ਕਰੀਬ 37 ਸਾਲ ਦੀ ਹੈ। ਉਨ੍ਹਾਂ ਦੱਸਿਆ ਕਿ ਟਰੈਕਟਰ ਡਰਾਈਵਰ ਅਮਨਦੀਪ ਕੁਮਾਰ ਹਾਦਸਾ ਵਾਪਰਨ ਕਾਰਨ ਘਬਰਾਇਆ ਹੋਇਆ ਸੀ, ਪਰ ਉਂਝ ਉਹ ਬਿਲਕੁਲ ਠੀਕ ਠਾਕ ਹੈ। ਡਰਾਈਵਰ ਦਾ ਕਹਿਣਾ ਹੈ ਕਿ ਪਿੱਛੋਂ ਤੇਜ਼ ਰਫ਼ਤਾਰ ਟਰੱਕ ਵਾਲੇ ਨੇ ਸਾਡੀ ਟਰਾਲੀ ਨੂੰ ਸਾਈਡ ਮਾਰੀ ਅਤੇ ਟਰਾਲੀ ਪਲਟਣ ਨਾਲ ਹਾਦਸਾ ਵਾਪਰ ਗਿਆ। ਪੁਲਿਸ ਮੁਤਾਬਿਕ ਹਾਦਸਾ ਟਰੈਕਟਰ ਦੀ ਹੱਬ ਟੁੱਟਣ ਕਾਰਨ ਹੀ ਵਾਪਰਿਆ ਹੈ। ਪੁਲਿਸ ਨੇ ਕਾਰਵਾਈ ਕਰਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਲੁਧਿਆਣਾ 'ਚ ਦੋ ਮਾਸੂਮ ਬਾਲੜੀਆਂ ਨਾਲ ਜਬਰ ਜਨਾਹ ਕਰਨ ਦੇ ਮਾਮਲਿਆਂ 'ਚ ਦੋ ਖ਼ਿਲਾਫ਼ ਕੇਸ ਦਰਜ

ਲੁਧਿਆਣਾ, 8 ਦਸੰਬਰ (ਪਰਮਿੰਦਰ ਸਿੰਘ ਆਹੂਜਾ)-ਲੁਧਿਆਣਾ 'ਚ ਦੋ ਮਾਸੂਮ ਬਾਲੜੀਆਂ ਨਾਲ ਜਬਰ ਜਨਾਹ ਕਰਨ ਦੇ ਦੋ ਵੱਖ-ਵੱਖ ਮਾਮਲਿਆਂ 'ਚ ਪੁਲਿਸ ਨੇ ਦੋ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਪਹਿਲੇ ਮਾਮਲੇ 'ਚ ਥਾਣਾ ਟਿੱਬਾ ਦੇ ਘੇਰੇ ਅੰਦਰ ਪੈਂਦੇ ਇਲਾਕੇ ਚੰਦਰ ਲੋਕ ਕਾਲੋਨੀ 'ਚ ਇਕ 12 ਸਾਲ ਦੀ ਮਾਸੂਮ ਬਾਲੜੀ ਨਾਲ ਜਬਰ ਜਨਾਹ ਕਰਨ ਦੇ ਦੋਸ਼ ਤਹਿਤ ਪੁਲਿਸ ਨੇ ਉਸ ਦੇ ਗੁਆਂਢੀ ਸਾਹਿਲ ਕੁਮਾਰ ਖ਼ਿਲਾਫ਼ ਕੇਸ ਕੀਤਾ ਹੈ। ਪੁਲਿਸ ਵਲੋਂ ਇਹ ਕਾਰਵਾਈ ਪੀੜ੍ਹਤ ਲੜਕੀ ਦੀ ਮਾਂ ਦੀ ਸ਼ਿਕਾਇਤ 'ਤੇ ਅਮਲ ਵਿਚ ਲਿਆਂਦੀ ਹੈ। ਪੁਲਿਸ ਕੋਲ ਲਿਖਵਾਈ ਮੁੱਢਲੀ ਰਿਪੋਰਟ ਵਿਚ ਸ਼ਿਕਾਇਤਕਰਤਾ ਨੇ ਦੱਸਿਆ ਕਿ ਬੀਤੇ ਦਿਨ ਉਸ ਦੀ 12 ਸਾਲ ਦੀ ਲੜਕੀ ਨੇ ਉਸ ਨੂੰ ਦੱਸਿਆ ਕਿ ਉਕਤ ਕਥਿਤ ਦੋਸ਼ੀ ਬਹਾਨੇ ਨਾਲ ਉਸ ਨੂੰ ਇਕ ਉਸਾਰੀ ਅਧੀਨ ਇਮਾਰਤ ਵਿਚ ਲੈ ਗਿਆ ਜਿਥੇ ਕਿ ਉਸ ਨੇ ਜਾਨੋਂ ਮਾਰਨ ਦੀ ਧਮਕੀ ਦੇ ਕੇ ਉਸ ਨਾਲ ਜਬਰ ਜਨਾਹ ਕੀਤਾ ਬਾਅਦ 'ਚ ਦੋਸ਼ੀ ਫ਼ਰਾਰ ਹੋ ਗਿਆ, ਜਿਸ 'ਤੇ ਸ਼ਿਕਾਇਤਕਰਤਾ ਵਲੋਂ ਇਹ ਸਾਰਾ ਮਾਮਲਾ ਪੁਲਿਸ ਦੇ ਧਿਆਨ 'ਚ ਲਿਆਂਦਾ ਤਾਂ ਪੁਲਿਸ ਵਲੋਂ ਕਾਰਵਾਈ ਕਰਦਿਆਂ ਇਸ ਮਾਮਲੇ ਵਿਚ ਕੇਸ ਦਰਜ ਕਰ ਲਿਆ। ਲੜਕੀ ਦੀ ਡਾਕਟਰੀ ਜਾਂਚ ਵੀ ਕਰਵਾਈ ਗਈ ਹੈ, ਹਾਲ ਦੀ ਘੜੀ ਕਥਿਤ ਦੋਸ਼ੀ ਫ਼ਰਾਰ ਦੱਸਿਆ ਜਾਂਦਾ ਹੈ। ਦੂਜੇ ਮਾਮਲੇ 'ਚ ਪਿੰਡ ਭਗਵਾਨ ਪੁਰਾ ਵਿਖੇ ਵੀ ਇਕ ਪੰਜ ਸਾਲ ਦੀ ਮਾਸੂਮ ਬੱਚੀ ਨਾਲ ਜਬਰ ਜਨਾਹ ਕਰਨ ਦੇ ਦੋਸ਼ ਤਹਿਤ ਪੁਲਿਸ ਨੇ ਕਪਲੇਸ਼ਵਰ ਗਿਰੀ ਵਾਸੀ ਪਿੰਡ ਭਗਵਾਨ ਪੁਰਾ ਖ਼ਿਲਾਫ਼ ਕੇਸ ਦਰਜ ਕੀਤਾ ਹੋਇਆ। ਪੁਲਿਸ ਕੋਲ ਲਿਖਵਾਈ ਮੁੱਢਲੀ ਰਿਪੋਰਟ ਵਿਚ ਪੀੜ੍ਹਤ ਦੀ ਮਾਂ ਨੇ ਦੱਸਿਆ ਕਿ ਬੀਤੇ ਦਿਨ ਉਸ ਦੀ ਲੜਕੀ ਕਮਰੇ 'ਚ ਨਹੀਂ ਸੀ ਜਦੋਂ ਉਨ੍ਹਾਂ ਨੇ ਉਸ ਦੀ ਭਾਲ ਕੀਤੀ ਤਾਂ ਉਕਤ ਕਥਿਤ ਦੋਸ਼ੀ ਦੇ ਕਬਜ਼ੇ ਵਿਚ ਉਸ ਦੀ ਲੜਕੀ ਨੂੰ ਬਰਾਮਦ ਕੀਤਾ ਗਿਆ, ਜਿਸ ਦੀ ਕਿ ਹਾਲਤ ਖ਼ਰਾਬ ਸੀ ਬਾਅਦ 'ਚ ਉਸ ਨੂੰ ਇਲਾਜ ਲਈ ਹਸਪਤਾਲ ਵੀ ਲਿਜਾਇਆ ਗਿਆ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਕਥਿਤ ਦੋਸ਼ੀ ਵਲੋਂ ਉਸਦੀ ਮਾਸੂਮ ਬਾਲੜੀ ਨਾਲ ਜਬਰ ਜਨਾਹ ਕੀਤਾ ਗਿਆ ਹੈ। ਪੁਲਿਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਹਾਲ ਦੀ ਘੜੀ ਕਥਿਤ ਦੋਸ਼ੀ ਫ਼ਰਾਰ ਦੱਸਿਆ ਜਾਂਦਾ ਹੈ।


# ਇੰਡੀਆ ਐਗਰੀ ਐਕਸਪੋ-24 ਦੇ ਅਖੀਰਲੇ ਦਿਨ ਵੱਡੇ ਪੱਧਰ 'ਤੇ ਅੰਤਰਰਾਸ਼ਟਰੀ ਭਾਗੀਦਾਰਾਂ ਨੇ ਕੀਤੀ ਸ਼ਮੂਲੀਅਤ

**ਡਾਇਰੈਕਟਰ ਜੀ. ਐਸ. ਢਿੱਲੋਂ ਨੇ ਕਿਸਾਨ, ਡੀਲਰਾਂ ਤੇ ਦੇਸ਼ ਵਿਦੇਸ਼ 'ਚੋਂ ਆਏ ਵਿਸ਼ੇਸ਼ ਡੈਲੀਗੇਟਾਂ ਦਾ ਕੀਤਾ ਧੰਨਵਾਦ**

ਲੁਧਿਆਣਾ, 8 ਦਸੰਬਰ (ਜਤਿੰਦਰ ਭੰਬੀ)-ਇੰਡੀਆ ਐਗਰੀ ਐਕਸਪੋ-24 ਸ਼ਾਨਦਾਰ ਸਫਲਤਾ ਨਾਲ ਸਮਾਪਤ ਹੋਇਆ, ਜਿਸ 'ਚ ਭਾਰਤ ਭਰ ਦੇ 50 ਹਜ਼ਾਰ ਤੋਂ ਵਧੇਰੇ ਕਿਸਾਨਾਂ, ਡੀਲਰਾਂ ਅਤੇ ਕਈ ਅਫਰੀਕੀ ਤੇ ਏਸ਼ੀਆਈ ਦੇਸ਼ਾਂ ਦੇ ਵਿਸ਼ੇਸ਼ ਡੈਲੀਗੇਟਾਂ ਨੇ ਸ਼ਮੂਲੀਅਤ ਕੀਤੀ। ਜੀ. ਟੀ. ਰੋਡ ਸਾਹਨੇਵਾਲ ਵਿਖੇ ਹੋਇਆ ਇਹ ਸਫਲਤਾ ਪੂਰਵਕ ਸਮਾਗਮ ਖੇਤੀਬਾੜੀ ਸੈਕਟਰ 'ਚ ਨਵੀਨਤਮ ਤਕਨਾਲੋਜੀਆਂ ਅਤੇ ਹੱਲਾਂ ਨੂੰ ਪ੍ਰਦਰਸ਼ਿਤ ਕਰਨ ਲਈ ਇਕ ਪ੍ਰਮੁੱਖ ਪਲੇਟਫਾਰਮ ਬਣ ਕੇ ਉਭਰਿਆ, ਜੋ ਕਿ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਵਧਦੀ ਮਹੱਤਤਾ ਨੂੰ ਦਰਸਾਉਂਦਾ ਹੈ। ਸਮਾਗਮ ਦੇ ਉਦਘਾਟਨੀ ਸਮਾਰੋਹ ਤੋਂ ਲੈ ਕੇ ਅਖੀਰਲੇ ਦਿਨ ਤੱਕ ਪੰਜਾਬ ਦੀਆਂ ਕਾਰੋਬਾਰ ਨਾਲ ਜੁੜੀਆਂ ਉੱਘੀਆਂ ਸ਼ਖ਼ਸੀਅਤਾਂ ਤੋਂ ਇਲਾਵਾ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੇ ਵੀ ਸ਼ਿਰਕਤ ਕੀਤੀ। ਸਮਾਗਮ ਦੇ ਅਖੀਰਲੇ ਦਿਨ ਪੰਜਾਬ ਦੇ ਕੈਬਨਿਟ ਮੰਤਰੀ ਤਰੁਣਦੀਪ ਸਿੰਘ ਸੌਂਦ, ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ, ਵਿਧਾਇਕ ਕੁਲਵੰਤ ਸਿੰਘ ਸਿੱਧੂ, ਵਿਧਾਇਕ ਜੀਵਨ ਸਿੰਘ ਸੰਗੋਵਾਲ ਤੇ ਡਾ. ਕੇ. ਬੀ. ਠਾਕੁਰ (ਸਕੱਤਰ ਜਨਰਲ, ਏ. ਆਈ. ਸੀ. ਐਮ. ਏ.) ਨੇ ਖੇਤੀਬਾੜੀ ਦੀ ਪ੍ਰਦਰਸ਼ਨੀ ਦੇਖੀ। ਇਸ ਮੌਕੇ ਕੈਬਨਿਟ ਮੰਤਰੀ ਤਰੁਣਦੀਪ ਸਿੰਘ ਸੌਂਦ ਨੇ ਉਡਾਣ ਮੀਡੀਆ ਦੇ ਐਮ. ਡੀ. ਜੀ. ਐਸ. ਢਿੱਲੋਂ ਵਲੋਂ ਖੇਤੀਬਾੜੀ ਖੇਤਰ ਦੇ ਵਿਕਾਸ ਤੇ ਤਰੱਕੀ ਲਈ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਬਲਦੀਪ ਸਿੰਘ, ਪ੍ਰਧਾਨ ਪੀ. ਐਸ. ਏ. ਆਈ. ਐਮ. ਏ. ਨੇ ਐਕਸਪੋ ਦੇ ਸਫਲਤਾਪੂਰਵਕ ਸੰਚਾਲਨ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਭਾਰਤੀ ਖੇਤੀ ਦੇ ਵਿਕਾਸ ਲਈ ਸਹਿਯੋਗੀ ਯਤਨਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਮੀਤ ਪ੍ਰਧਾਨ ਸਰਬਜੀਤ ਸਿੰਘ ਅੰਮਾ ਨੇ ਸਾਰੇ ਭਾਗੀਦਾਰਾਂ, ਪ੍ਰਦਰਸ਼ਕਾਂ ਅਤੇ ਡੈਲੀਗੇਟਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮਾਗਮ ਦੀ ਸਫ਼ਲਤਾ ਵਿਚ ਉਨ੍ਹਾਂ ਦਾ ਅਹਿਮ ਯੋਗਦਾਨ ਹੈ। ਉਨ੍ਹਾਂ ਭਾਰਤ ਤੇ ਪੰਜਾਬ ਸਰਕਾਰ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਸਦਕਾ ਐਕਸਪੋ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਇਆ ਗਿਆ। ਉਡਾਣ ਮੀਡੀਆ ਦੇ ਐਮ. ਡੀ. ਜੀ. ਐਸ. ਢਿੱਲੋਂ ਨੇ ਆਪਣੇ ਸਮਾਪਤੀ ਭਾਸ਼ਨ ਵਿਚ ਸਮਾਗਮ ਦੇ ਆਯੋਜਨ ਅਤੇ ਸਹਿਯੋਗ ਵਿਚ ਸ਼ਾਮਿਲ ਸਾਰੇ ਲੋਕਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਯੋਗਦਾਨ ਨੂੰ ਮਾਨਤਾ ਦਿੱਤੀ, ਜਿਨ੍ਹਾਂ ਦੇ ਲਗਾਤਾਰ ਹੱਲਾਸ਼ੇਰੀ ਤੇ ਸਮਰਥਨ ਨੇ ਭਾਰਤ ਵਿਚ ਖੇਤੀਬਾੜੀ ਪਹਿਲਕਦਮੀਆਂ ਨੂੰ ਉਤਸ਼ਾਹਿਤ ਕੀਤਾ ਹੈ। ਖੇਤੀਬਾੜੀ ਖੇਤਰ ਵਿਚ ਨਿਰੰਤਰ ਪ੍ਰਗਤੀ ਅਤੇ ਸਹਿਯੋਗ ਦੀ ਉਮੀਦ ਨਾਲ, ਪ੍ਰੋਗਰਾਮ ਇਕ ਸਕਾਰਾਤਮਕ ਨੋਟ 'ਤੇ ਸਮਾਪਤ ਹੋਇਆ।



ਇੰਡੀਆ ਐਗਰੀ ਐਕਸਪੋ-24 ਪ੍ਰਦਸ਼ਰਨੀ ਦੇਖਦੇ ਹੋਏ ਕੈਬਨਿਟ ਮੰਤਰੀ ਤਰੁਣਦੀਪ ਸਿੰਘ ਸੌਂਦ, ਵਿਧਾਇਕ ਕੁਲਵੰਤ ਸਿੰਘ ਸਿੱਧੂ ਨਾਲ ਉਡਾਨ ਮੀਡੀਆ ਦੇ ਐਮ. ਡੀ. ਜੀ. ਐਸ. ਢਿੱਲੋਂ ਤੇ ਹੋਰ। ਅਜੀਤ ਤਸਵੀਰ



ਹੈਰੋਇਨ ਸਮੇਤ ਕਾਬੂ ਕੀਤੇ ਕਥਿਤ ਦੋਸ਼ੀ ਬਾਰੇ ਜਾਣਕਾਰੀ ਦਿੰਦਿਆਂ ਪੁਲਿਸ ਅਧਿਕਾਰੀ। ਅਜੀਤ ਤਸਵੀਰ

## ਲੱਖਾਂ ਰੁਪਏ ਦੀ ਹੈਰੋਇਨ ਸਮੇਤ ਇਕ ਕਾਬੂ

ਲੁਧਿਆਣਾ, 8 ਦਸੰਬਰ (ਪਰਮਿੰਦਰ ਸਿੰਘ ਆਹੂਜਾ)-ਪੁਲਿਸ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਇਕ ਨੌਜਵਾਨ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ 'ਚੋਂ ਲੱਖਾਂ ਰੁਪਏ ਮੁੱਲ ਦੀ ਹੈਰੋਇਨ ਬਰਾਮਦ ਕੀਤੀ ਹੈ। ਜਾਣਕਾਰੀ ਅਨੁਸਾਰ ਕਾਬੂ ਕੀਤੇ ਕਥਿਤ ਦੋਸ਼ੀ ਦੀ ਸ਼ਨਾਖਤ ਵਿਸ਼ਾਲ ਵਾਸੀ ਦਿਵਿਆ ਕਾਲੋਨੀ ਭਾਮੀਆਂ ਕਲਾਂ ਵਜੋਂ ਕੀਤੀ ਗਈ ਹੈ। ਪੁਲਿਸ ਅਨੁਸਾਰ ਉਕਤ ਕਥਿਤ ਦੋਸ਼ੀ ਨੂੰ ਜਮਾਲਪੁਰ ਨੇੜਿਉਂ ਉਸ ਵੇਲੇ ਗ੍ਰਿਫ਼ਤਾਰ ਕੀਤਾ, ਜਦ ਉਹ ਹੈਰੋਇਨ ਦੀ ਸਪਲਾਈ ਦੇਣ ਲਈ ਜਾ ਰਿਹਾ ਸੀ। ਪੁਲਿਸ ਅਨੁਸਾਰ ਕਥਿਤ ਦੋਸ਼ੀ ਪਿਛਲੇ ਕਾਫ਼ੀ ਸਮੇਂ ਤੋਂ ਇਸ ਧੰਦੇ ਵਿਚ ਸੀ ਅਤੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ 'ਚ ਹੈਰੋਇਨ ਸਪਲਾਈ ਕਰਦਾ ਸੀ। ਪੁਲਿਸ ਨੇ ਉਸ ਦੇ ਕਬਜ਼ੇ 'ਚੋਂ 40 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪੁਲਿਸ ਵਲੋਂ ਉਸ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ ਤੇ ਪੁੱਛ ਪੜਤਾਲ ਕੀਤੀ ਜਾ ਰਹੀ ਹੈ।

## ਕੱਚੇ ਅਧਿਆਪਕ ਯੂਨੀਅਨ ਵਲੋਂ 11 ਨੂੰ ਮੁੱਖ ਦਫ਼ਤਰ ਵਿਖੇ ਰੋਸ ਪ੍ਰਦਰਸ਼ਨ

**ਸਿੱਖਿਆ ਸਕੱਤਰ, ਸਿੱਖਿਆ ਵਿਭਾਗ ਬਹਾਲੀ ਨੂੰ ਲੈ ਕੇ ਵਾਰ ਵਾਰ ਲਾ ਰਿਹਾ ਲਾਰੇ-ਸਾਹਨੀ ਬਰੇਟਾ**

ਭਾਦਸੋਂ, 8 ਦਸੰਬਰ (ਗੁਰਬਖ਼ਸ਼ ਸਿੰਘ ਵੜੈਚ)-ਰਾਜ ਦੇ ਸਰਕਾਰੀ ਸਕੂਲਾਂ 'ਚ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਈ.ਜੀ.ਐੱਸ, ਆਈ.ਈ.ਵੀ, ਏ.ਆਈ.ਈ, ਐੱਸ.ਟੀ.ਆਰ, ਸਿੱਖਿਆ ਪ੍ਰੋਵਾਇਡਰਾਂ ਆਪਣੀ ਜ਼ਿੰਦਗੀ ਦਾ ਕੀਮਤੀ ਸਮਾਂ ਸਰਕਾਰੀ ਸਕੂਲਾਂ ਵਿਚ ਅਧਿਆਪਕ ਦੇ ਤੌਰ 'ਤੇ ਨਿਭਾਇਆ ਤੇ ਹੁਣ ਪੰਜਾਬ ਸਰਕਾਰ ਨੇ ਉਨ੍ਹਾਂ ਦੇ ਰੋਜ਼ਗਾਰ 'ਤੇ ਵੀ ਕਬਜ਼ਾ ਕਰ ਲਿਆ ਹੈ ਤੇ ਉਨ੍ਹਾਂ ਨੂੰ ਬੇਰੁਜ਼ਗਾਰ ਕਰ ਦਿੱਤਾ ਗਿਆ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਯੂਨੀਅਨ ਦੇ ਪ੍ਰਧਾਨ ਵਿਕਾਸ ਸਾਹਨੀ ਨੇ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਜੋ ਕਿ ਕਾਫ਼ੀ ਲੰਬੇ ਸਮੇਂ ਤੋਂ ਸਿੱਖਿਆ ਵਿਭਾਗ ਵਿਚ ਬਹਾਲੀ ਨੂੰ ਲੈ ਕੇ ਸੰਘਰਸ਼ ਕਰ ਰਹੀ ਹੈ। ਪਰ ਲੰਬਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਵਲੋਂ ਸਿਰਫ਼ ਲਾਰੇ ਤੇ ਲਾਰੇ ਹੀ ਦਿੱਤੇ ਗਏ। ਸਾਡੀ ਜਥੇਬੰਦੀ ਵਲੋਂ 26 ਨਵੰਬਰ ਨੂੰ ਸਿੱਖਿਆ ਸਕੱਤਰ ਨਾਲ ਮੀਟਿੰਗ ਕਰਕੇ ਉਨ੍ਹਾਂ ਸਾਨੂੰ ਜਲਦ ਹੀ ਸਿੱਖਿਆ ਵਿਭਾਗ 'ਚ ਮੁੜ ਬਹਾਲ ਕਰਨ ਦਾ ਵਿਸ਼ਵਾਸ ਜਤਾਇਆ ਸੀ ਪਰ ਉਹ ਵਿਸ਼ਵਾਸ ਵੀ ਇਕ ਲਾਰਾ ਜਿਹਾ ਹੀ ਬਣ ਕੇ ਰਹਿ ਗਿਆ ਹੈ ਜਿਸ ਦੇ ਰੋਸ ਵਜੋਂ ਸਾਡੀ ਜਥੇਬੰਦੀ ਵਲੋਂ 11 ਦਸੰਬਰ ਨੂੰ ਸੂਬਾ ਪੱਧਰ ਇਕੱਠ ਕਰਕੇ ਸਿੱਖਿਆ ਵਿਭਾਗ ਮੁੱਖ ਦਫ਼ਤਰ ਮੋਹਾਲੀ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਲਖਵਿੰਦਰ ਕੌਰ, ਕਿਰਨਾ ਕੌਰ, ਅਮਨਦੀਪ ਕੌਰ, ਵਰੁਨ ਖੇੜਾ, ਗੁਰਪ੍ਰੀਤ ਸਿੰਘ, ਜਸਵਿੰਦਰ ਕੌਰ, ਮਨਿੰਦਰ ਮਾਨਸਾ, ਗੁਰਸੇਵਕ ਮਾਨਸਾ, ਸੁਨੀਤਾ ਬੁਢਲਾਡਾ, ਵਜ਼ੀਰ ਰਾਮਪੁਰ ਮੰਡੇਰ, ਕਾਂਤਾ ਰਾਣੀ ਫਰਵਾਹੀ, ਵੀਰਪਾਲ ਕੌਰ, ਮਨਜੀਤ ਸਿੰਘ ਆਦਿ ਮੌਜੂਦ ਸਨ।

CMYK